ਮਿੱਠੇ ਬੱਚੇ:- ਤੁਹਾਡੀ ਇਹ ਈਸ਼ਵਰੀ ਮਿਸ਼ਨ ਹੈ , ਤੁਸੀ ਸਭ ਨੂੰ ਈਸ਼ਵਰ ਦਾ ਬਣਾਕੇ ਉਨ੍ਹਾਂ ਨੂੰ ਬੇਹੱਦ ਦਾ ਵਰਸਾ ਦਵਾਉਂਦੇ ਹੋ"।

ਪ੍ਰਸ਼ਨ:- ਕਰਮਿੰਦਰੀਆਂ ਦੀ ਚੰਚਲਤਾ ਖਤਮ ਕਦੋਂ ਹੋਵੇਗੀ?

ਉੱਤਰ:- ਜਦੋਂ ਤੁਹਾਡੀ ਸਥਿਤੀ ਸਿਲਵਰ ਏਜ਼ ਤੱਕ ਪਹੁੰਚੇਗੀ ਮਤਲਬ ਜਦੋਂ ਆਤਮਾ ਤ੍ਰੇਤਾ ਦੀ ਸਤੋ ਸਟੇਜ ਤੱਕ ਪਹੁੰਚ ਜਾਵੇਗੀ ਤਾਂ ਕਰਮਿੰਦਰੀਆਂ ਦੀ ਚੰਚਲਤਾ ਬੰਦ ਹੋ ਜਾਵੇਗੀ। ਹੁਣ ਤੁਹਾਡੀ ਰਿਟਰਨ ਜਰਨੀ ਹੈ ਇਸਲਈ ਕਰਮਿੰਦਰੀਆਂ ਨੂੰ ਵੱਸ ਵਿੱਚ ਰੱਖਣਾ ਹੈ। ਕੋਈ ਵੀ ਛੁਪਾਕੇ ਅਜਿਹਾ ਕਰਮ ਨਹੀਂ ਕਰਨਾ ਜੋ ਆਤਮਾ ਪਤਿਤ ਬਣ ਜਾਵੇ। ਅਵਿਨਾਸ਼ੀ ਸਰਜਨ ਤੁਹਾਨੂੰ ਜੋ ਪ੍ਰਹੇਜ਼ ਦੱਸ ਰਹੇ ਹਨ, ਉਸ ਤੇ ਚਲਦੇ ਰਹੋ।

ਗੀਤ:- ਮੁਖੜ੍ਹਾ ਦੇਖ ਲੇ ਪ੍ਰਾਣੀ...

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਸਮਝਾ ਰਹੇ ਹਨ। ਨਾ ਸਿਰਫ਼ ਤੁਸੀਂ ਬੱਚਿਆਂ ਨੂੰ, ਜੋ ਵੀ ਰੂਹਾਨੀ ਬੱਚੇ ਪ੍ਰਜਾਪਿਤਾ ਮੁਖਵੰਸ਼ਾਵਲੀ ਹਨ, ਉਹ ਜਾਣਦੇ ਹਨ। ਸਾਨੂੰ ਬ੍ਰਾਹਮਣਾਂ ਨੂੰ ਹੀ ਬਾਪ ਸਮਝਾਉਂਦੇ ਹਨ। ਪਹਿਲਾਂ ਤੁਸੀਂ ਸ਼ੂਦ੍ਰ ਸੀ ਫਿਰ ਆਕੇ ਬ੍ਰਾਹਮਣ ਬਣੇ ਹੋ। ਬਾਪ ਨੇ ਵਰਨਾਂ ਦਾ ਵੀ ਹਿਸਾਬ ਸਮਝਾਇਆ ਹੈ। ਦੁਨੀਆਂ ਵਿੱਚ ਵਰਨਾਂ ਨੂੰ ਵੀ ਸਮਝਦੇ ਨਹੀਂ। ਸਿਰਫ਼ ਗਾਇਨ ਹੈ। ਹੁਣ ਤੁਸੀਂ ਬ੍ਰਾਹਮਣ ਵਰਨ ਦੇ ਹੋ ਫਿਰ ਦੇਵਤਾ ਵਰਨ ਦੇ ਬਣੋਗੇ। ਵਿਚਾਰ ਕਰੋ ਇਹ ਗੱਲ ਰਾਈਟ ਹੈ? ਜੱਜ ਯੋਰਸੇਲ੍ਫ਼। ਸਾਡੀ ਗੱਲ ਸੁਣੋ ਅਤੇ ਤੁਲਨਾ ਕਰੋ। ਸ਼ਾਸਤਰ ਜੋ ਜਨਮ - ਜਨਮੰਤ੍ਰ ਸੁਣੇ ਹਨ ਅਤੇ ਜੋ ਗਿਆਨ ਸਾਗਰ ਬਾਪ ਸਮਝਾਉਂਦੇ ਹਨ ਉਨ੍ਹਾਂ ਨਾਲ ਤੁਲਨਾ ਕਰੋ - ਸਹੀ ਕੀ ਹੈ? ਬ੍ਰਾਹਮਣ ਧਰਮ ਅਤੇ ਕੁੱਲ ਨੂੰ ਬਿਲਕੁਲ ਭੁੱਲੇ ਹੋਏ ਹੋ। ਤੁਹਾਡੇ ਕੋਲ ਵਿਰਾਟ ਰੂਪ ਦਾ ਚਿੱਤਰ ਰਾਈਟ ਬਣਿਆ ਹੋਇਆ ਹੈ, ਇਸ ਤੇ ਸਮਝਾਇਆ ਜਾਂਦਾ ਹੈ। ਬਾਕੀ ਇੰਨੀਆਂ ਬਾਹਵਾਂ ਵਾਲੇ ਚਿੱਤਰ ਜੋ ਬਣਾਏ ਹਨ ਅਤੇ ਦੇਵੀਆਂ ਨੂੰ ਹਥਿਆਰ ਆਦਿ ਬੈਠ ਦਿੱਤੇ ਹਨ, ਉਹ ਸਭ ਹਨ ਰੌਂਗ। ਇਹ ਭਗਤੀਮਾਰਗ ਦੇ ਚਿੱਤਰ ਹਨ। ਇਨ੍ਹਾਂ ਅੱਖਾਂ ਨਾਲ ਸਭ ਵੇਖਦੇ ਹਨ ਪਰ ਸਮਝਦੇ ਨਹੀਂ। ਕਿਸੇ ਦੇ ਆਕਉਪੇਸ਼ਨ ਦਾ ਪਤਾ ਨਹੀਂ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਆਪਣੀ ਆਤਮਾ ਦਾ ਪਤਾ ਚੱਲਿਆ ਹੈ। ਅਤੇ 84 ਜਨਮਾਂ ਦਾ ਵੀ ਪਤਾ ਪਿਆ ਹੈ। ਜਿਵੇਂ ਬਾਪ ਤੁਹਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ, ਤੁਹਾਨੂੰ ਫਿਰ ਦੂਸਰਿਆਂ ਨੂੰ ਸਮਝਾਉਣਾ ਹੈ। ਸ਼ਿਵਬਾਬਾ ਤੇ ਸਭ ਦੇ ਕੋਲ ਨਹੀਂ ਜਾਣਗੇ। ਜਰੂਰ ਬਾਪ ਦੇ ਮਦਦਗਾਰ ਚਾਹੀਦੇ ਹਨ ਨਾ ਇਸਲਈ ਤੁਹਾਡੀ ਹੈ ਈਸ਼ਵਰੀਏ ਮਿਸ਼ਨ। ਤੁਸੀਂ ਸਭਨੂੰ ਈਸ਼ਵਰ ਦਾ ਬਣਾਉਂਦੇ ਹੋ। ਸਮਝਾਉਂਦੇ ਹੋ ਉਹ ਸਾਡਾ ਆਤਮਾਵਾਂ ਦਾ ਬੇਹੱਦ ਦਾ ਬਾਪ ਹੈ। ਉਨ੍ਹਾਂ ਤੋਂ ਬੇਹੱਦ ਦਾ ਵਰਸਾ ਮਿਲੇਗਾ। ਜਿਵੇਂ ਲੌਕਿਕ ਬਾਪ ਨੂੰ ਯਾਦ ਕੀਤਾ ਜਾਂਦਾ ਹੈ, ਉਸ ਤੋਂ ਵੀ ਜਿਆਦਾ ਪਾਰਲੌਕਿਕ ਬਾਪ ਨੂੰ ਯਾਦ ਕਰਨਾ ਪਵੇ। ਲੌਕਿਕ ਬਾਪ ਤਾਂ ਅਲਪਕਾਲ ਦੇ ਲਈ ਸੁਖ ਦਿੰਦੇ ਹੈ। ਬੇਹੱਦ ਦਾ ਬਾਪ ਬੇਹੱਦ ਦਾ ਸੁੱਖ ਦਿੰਦੇ ਹਨ। ਇਹ ਹੁਣ ਆਤਮਾਵਾਂ ਨੂੰ ਗਿਆਨ ਮਿਲਦਾ ਹੈ। ਹੁਣ ਤੁਸੀਂ ਜਾਣਦੇ ਹੋ 3 ਬਾਪ ਹਨ। ਲੌਕਿਕ, ਪਾਰਲੌਕਿਕ ਅਤੇ ਅਲੌਕਿਕ। ਬੇਹੱਦ ਦਾ ਬਾਪ ਅਲੌਕਿਕ ਬਾਪ ਦਵਾਰਾ ਤੁਹਾਨੂੰ ਸਮਝਾ ਰਹੇ ਹਨ। ਇਸ ਬਾਪ ਨੂੰ ਕੋਈ ਵੀ ਜਾਣਦੇ ਨਹੀਂ। ਬ੍ਰਹਮਾ ਦੀ ਬਾਇਓਗ੍ਰਾਫੀ ਦਾ ਕਿਸੇ ਨੂੰ ਪਤਾ ਨਹੀਂ ਹੈ। ਉਨ੍ਹਾਂ ਦਾ ਆਕਉਪੇਸ਼ਨ ਵੀ ਜਾਣਨਾ ਚਾਹੀਦਾ ਹੈ ਨਾ। ਸ਼ਿਵ ਦੀ, ਸ਼੍ਰੀਕ੍ਰਿਸ਼ਨ ਦੀ ਮਹਿਮਾ ਗਾਉਂਦੇ ਹਨ ਬਾਕੀ ਬ੍ਰਹਮਾ ਦੀ ਮਹਿਮਾ ਕਿੱਥੇ? ਨਿਰਾਕਾਰ ਬਾਪ ਨੂੰ ਮੂੰਹ ਤਾਂ ਚਾਹੀਦਾ ਹੈ ਨਾ, ਜਿਸ ਨਾਲ ਅੰਮ੍ਰਿਤ ਦੇਣ। ਭਗਤੀਮਾਰਗ ਵਿੱਚ ਬਾਪ ਨੂੰ ਕਦੇ ਅਸਲ ਤਰ੍ਹਾਂ ਯਾਦ ਨਹੀਂ ਕਰ ਸਕਦੇ ਹਨ। ਹੁਣ ਤੁਸੀਂ ਜਾਣਦੇ ਹੋ, ਸਮਝਦੇ ਹੋ ਸ਼ਿਵਬਾਬਾ ਦਾ ਰਥ ਇਹ ਹੈ। ਰਥ ਨੂੰ ਵੀ ਸ਼ਿੰਗਾਰ ਕਰਦੇ ਹਨ ਨਾ। ਜਿਵੇਂ ਮੁਹੰਮਦ ਦੇ ਘੋੜੇ ਨੂੰ ਵੀ ਸਜਾਉਂਦੇ ਹਨ। ਤੁਸੀਂ ਬੱਚੇ ਕਿੰਨੀ ਚੰਗੀ ਤਰ੍ਹਾਂ ਮਨੁੱਖਾਂ ਨੂੰ ਸਮਝਾਉਂਦੇ ਹੋ। ਤੁਸੀਂ ਸਭ ਦੀ ਵਡਿਆਈ ਕਰਦੇ ਹੋ। ਬੋਲਦੇ ਹੋ ਤੁਸੀਂ ਇਹ ਦੇਵਤਾ ਸੀ ਫਿਰ 84 ਜਨਮ ਭੋਗ ਤਮੋਪ੍ਰਧਾਨ ਬਣੇ ਹੋ। ਹੁਣ ਫਿਰ ਸਤੋਪ੍ਰਧਾਨ ਬਣਨਾ ਹੈ ਤਾਂ ਉਸਦੇ ਲਈ ਯੋਗ ਚਾਹੀਦਾ ਹੈ। ਪਰੰਤੂ ਬਹੁਤ ਮੁਸ਼ਕਿਲ ਕੋਈ ਸਮਝਦੇ ਹਨ। ਸਮਝ ਜਾਣ ਤਾਂ ਖੁਸ਼ੀ ਦਾ ਪਾਰਾ ਚੜ੍ਹੇ। ਸਮਝਾਉਣ ਵਾਲੇ ਦਾ ਤੇ ਹੋਰ ਵੀ ਪਾਰਾ ਚੜ੍ਹ ਜਾਵੇ। ਬੇਹੱਦ ਦੇ ਬਾਪ ਦਾ ਪਰਿਚੈ ਦੇਣਾ ਕੋਈ ਘੱਟ ਗੱਲ ਹੈ ਕੀ। ਸਮਝ ਨਹੀਂ ਸਕਦੇ। ਕਹਿੰਦੇ ਹਨ ਇਹ ਕਿਵੇਂ ਹੋ ਸਕਦਾ ਹੈ। ਬੇਹੱਦ ਦੇ ਬਾਪ ਦੀ ਜੀਵਨ ਕਹਾਣੀ ਸੁਣਾਉਂਦੇ ਹਨ।

ਹੁਣ ਬਾਪ ਕਹਿੰਦੇ ਹਨ, ਪਾਵਨ ਬਣੋਂ। ਤੁਸੀਂ ਪੁਕਾਰਦੇ ਸੀ ਨਾ ਕਿ ਹੇ ਪਤਿਤ - ਪਾਵਨ ਆਵੋ। ਗੀਤਾ ਵਿੱਚ ਵੀ ਮਨਮਨਾਭਵ ਅੱਖਰ ਹੈ ਪਰ ਉਸਦੀ ਸਮਝਾਉਣੀ ਕਿਸੇ ਦੇ ਕੋਲ ਹੈ ਨਹੀਂ। ਬਾਪ ਆਤਮਾ ਦਾ ਗਿਆਨ ਵੀ ਕਿੰਨਾਂ ਕਲੀਅਰ ਕਰ ਸਮਝਾਉਂਦੇ ਹਨ। ਕਿਸੇ ਸ਼ਾਸਤਰ ਵਿੱਚ ਇਹ ਗੱਲਾਂ ਹਨ ਨਹੀਂ। ਭਾਵੇਂ ਕਹਿੰਦੇ ਹਨ ਆਤਮਾ ਬਿੰਦੀ ਹੈ, ਭ੍ਰਿਕੁਟੀ ਦੇ ਵਿੱਚ ਸਟਾਰ ਹੈ। ਪਰ ਅਸਲ ਤਰ੍ਹਾਂ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ। ਉਹ ਵੀ ਜਾਣਨਾ ਪਵੇ। ਕਲਯੁਗ ਵਿੱਚ ਹੈ ਹੀ ਅਨਰਾਈਟਿਅਸ। ਸਤਿਯੁਗ ਵਿੱਚ ਹਨ ਸਾਰੇ ਰਾਈਟਿਸ ਭਗਤੀਮਾਰਗ ਵਿੱਚ ਮਨੁੱਖ ਸਮਝਦੇ ਹਨ - ਇਹ ਸਭ ਈਸ਼ਵਰ ਨੂੰ ਮਿਲਣ ਦੇ ਰਾਹ ਹਨ ਇਸਲਈ ਤੁਸੀਂ ਪਹਿਲੋਂ ਫਾਰਮ ਭਰਾਉਂਦੇ ਹੋ - ਇੱਥੇ ਕਿਉਂ ਆਏ ਹੋ? ਇਸ ਨਾਲ ਵੀ ਤੁਹਾਨੂੰ ਬੇਹੱਦ ਦੇ ਬਾਪ ਦਾ ਪਰਿਚੈ ਦੇਣਾ ਹੈ। ਪੁੱਛਦੇ ਹੋ ਆਤਮਾ ਦਾ ਬਾਪ ਕੌਣ? ਸ੍ਰਵਵਿਆਪੀ ਕਹਿਣ ਨਾਲ ਤਾਂ ਕੋਈ ਅਰਥ ਹੀ ਨਹੀਂ ਨਿਕਲਦਾ। ਸਭ ਦਾ ਬਾਪ ਕੌਣ? ਇਹ ਹੈ ਮੁੱਖ ਗੱਲ। ਆਪਣੇ - ਆਪਣੇ ਘਰ ਵਿੱਚ ਵੀ ਤੁਸੀਂ ਸਮਝਾ ਸਕਦੇ ਹੋ। ਇੱਕ - ਦੋ ਮੁੱਖ ਚਿੱਤਰ ਸੀੜੀ, ਤ੍ਰਿਮੂਰਤੀ, ਝਾੜ ਇਹ ਬਹੁਤ ਜਰੂਰੀ ਹਨ। ਝਾੜ ਨਾਲ ਸਭ ਧਰਮ ਵਾਲੇ ਸਮਝ

ਸਕਦੇ ਹਨ ਕਿ ਸਾਡਾ ਧਰਮ ਕਦੋਂ ਸ਼ੁਰੂ ਹੋਇਆ! ਅਸੀਂ ਇਸ ਹਿਸਾਬ ਨਾਲ ਸਵਰਗ ਵਿੱਚ ਜਾ ਸਕਦੇ ਹਾਂ? ਜੋ ਆਉਂਦੇ ਹੀ ਪਿੱਛੋਂ ਹਨ ਉਹ ਤਾਂ ਸਵਰਗ ਵਿੱਚ ਜਾ ਨਹੀਂ ਸਕਦੇ। ਬਾਕੀ ਸ਼ਾਂਤੀਧਾਮ ਵਿੱਚ ਜਾ ਸਕਣਗੇ। ਝਾੜ ਨਾਲ ਵੀ ਬਹੁਤ ਕਲੀਅਰ ਹੁੰਦਾ ਹੈ। ਜੋ - ਜੋ ਧਰਮ ਪਿੱਛੋਂ ਆਏ ਹਨ ਉਨ੍ਹਾਂ ਦੀਆਂ ਆਤਮਾਵਾਂ ਜਰੂਰ ਉਪਰ ਵਿੱਚ ਜਾ ਵਿਰਾਜਮਾਨ ਹੋਣਗੀਆਂ। ਤੁਹਾਡੀ ਬੁੱਧੀ ਵਿੱਚ ਸਾਰਾ ਫਾਉਂਡੇਸ਼ਨ ਲਗਾਇਆ ਜਾਂਦਾ ਹੈ। ਬਾਪ ਕਹਿੰਦੇ ਹਨ ਆਦਿ - ਸਨਾਤਨ ਦੇਵੀ - ਦੇਵਤਾ ਧਰਮ ਦਾ ਸੈਪਲਿੰਗ ਤਾਂ ਲੱਗਾ ਫਿਰ ਝਾੜ ਦੇ ਪੱਤੇ ਵੀ ਤੁਸੀਂ ਬਣਾਉਣੇ ਹਨ, ਪੱਤਿਆਂ ਬਿਨਾਂ ਤਾਂ ਝਾੜ ਹੁੰਦਾ ਨਹੀਂ ਇਸਲਈ ਬਾਬਾ ਪੁਰਸ਼ਾਰਥ ਕਰਵਾਉਂਦੇ ਰਹਿੰਦੇ ਹਨ - ਆਪ ਸਮਾਨ ਬਣਾਉਣ ਦੇ ਲਈ। ਹੋਰ ਧਰਮ ਵਾਲਿਆਂ ਨੂੰ ਪੱਤੇ ਨਹੀਂ ਬਣਾਉਣੇ ਪੈਂਦੇ ਹਨ। ਉਹ ਤਾਂ ਉਪਰੋਂ ਆਉਂਦੇ ਹਨ, ਫਾਊਂਡੇਸ਼ਨ ਲਗਾਉਂਦੇ ਹਨ। ਫਿਰ ਪੱਤੇ ਪਿੱਛੋਂ ਉਪਰੋਂ ਆਉਂਦੇ - ਜਾਂਦੇ ਹਨ। ਤੁਸੀਂ ਫਿਰ ਝਾੜ ਦੀ ਵ੍ਰਿਧੀ ਦੇ ਲਈ ਇਹ ਪ੍ਰਦਰਸ਼ਨੀ ਆਦਿ ਕਰਦੇ ਹੋ। ਇਸ ਨਾਲ ਪੱਤੇ ਲਗਦੇ ਹਨ, ਫਿਰ ਤੂਫ਼ਾਨ ਆਉਣ ਨਾਲ ਡਿੱਗ ਪੈਂਦੇ ਹਨ, ਮੁਰਝਾ ਜਾਂਦੇ ਹਨ। ਆਦਿ - ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੋ ਰਹੀ ਹੈ। ਇਸ ਵਿੱਚ ਲੜ੍ਹਾਈ ਆਦਿ ਦੀ ਕੋਈ ਗੱਲ ਨਹੀਂ। ਸਿਰ੍ਫ ਬਾਪ ਨੂੰ ਯਾਦ ਕਰਨਾ ਅਤੇ ਕਰਵਾਉਣਾ ਹੈ। ਤੁਸੀਂ ਸਭਨੂੰ ਕਹਿੰਦੇ ਹੋ ਹੋਰ ਜੋ ਵੀ ਰਚਨਾ ਹੈ ਉਸਨੂੰ ਛੱਡੋ। ਰਚਨਾ ਤੋਂ ਕਦੇ ਵਰਸਾ ਮਿਲ ਨਹੀਂ ਸਕਦਾ। ਰਚਤਾ ਬਾਪ ਨੂੰ ਹੀ ਯਾਦ ਕਰਨਾ ਹੈ। ਹੋਰ ਕਿਸੇ ਦੀ ਯਾਦ ਨਾ ਆਵੇ। ਬਾਪ ਦਾ ਬਣਕੇ ਗਿਆਨ ਵਿੱਚ ਆਕੇ ਫਿਰ ਜੇਕਰ ਕੋਈ ਅਜਿਹਾ ਕੰਮ ਕਰਦੇ ਹੋ ਤਾਂ ਉਸਦਾ ਬੋਝਾ ਸਿਰ ਤੇ ਬਹੁਤ ਚੜ੍ਹਦਾ ਹੈ। ਬਾਪ ਪਾਵਨ ਬਣਾਉਣ ਆਉਂਦੇ ਹਨ ਫਿਰ ਕੋਈ ਅਜਿਹਾ ਕੋਈ ਕੰਮ ਕਰਦੇ ਹੋ ਤਾਂ ਹੋਰ ਹੀ ਪਤਿਤ ਬਣ ਪੈਂਦੇ ਹੋ ਇਸਲਈ ਬਾਬਾ ਕਹਿੰਦੇ ਹਨ ਅਜਿਹਾ ਕੋਈ ਕੰਮ ਨਹੀਂ ਕਰੋ ਜੋ ਘਾਟਾ ਪੈ ਜਾਵੇ। ਬਾਪ ਦੀ ਗਲਾਨੀ ਹੁੰਦੀ ਹੈ ਨਾ। ਅਜਿਹਾ ਕੋਈ ਕੰਮ ਨਾ ਕਰੋ ਜੋ ਵਿਕਰਮ ਜ਼ਿਆਦਾ ਹੋ ਜਾਣ। ਪ੍ਰਹੇਜ਼ ਵੀ ਰੱਖਣੀ ਹੈ। ਦਵਾਈ ਵਿੱਚ ਵੀ ਪ੍ਰਹੇਜ਼ ਰੱਖੀ ਜਾਂਦੀ ਹੈ। ਡਾਕਟਰ ਕਹੇ ਇਹ ਖਟਾਈ ਆਦਿ ਨਹੀਂ ਖਾਣੀ ਹੈ ਤਾਂ ਮੰਨਣਾ ਚਾਹੀਦਾ ਹੈ। ਕਰਮਿੰਦਰੀਆਂ ਨੂੰ ਵੱਸ ਕਰਨਾ ਪੈਂਦਾ ਹੈ। ਜੇਕਰ ਛਿਪਕੇ ਖਾਂਦੇ ਰਹੋਗੇ ਤਾਂ ਦਵਾਈ ਦਾ ਅਸਰ ਨਹੀ ਹੋਵੇਗਾ। ਇਸਨੂੰ ਕਿਹਾ ਜਾਂਦਾ ਹੈ ਅਸਕਤੀ। ਬਾਪ ਵੀ ਸਿੱਖਿਆ ਦਿੰਦੇ ਹਨ - ਇਹ ਨਹੀਂ ਕਰੋ। ਸਰਜਨ ਹੈ ਨਾ। ਲਿੱਖਦੇ ਹਨ ਬਾਬਾ ਮਨ ਵਿੱਚ ਸੰਕਲਪ ਬਹੁਤ ਆਉਂਦੇ ਹਨ। ਖਬਰਦਾਰ ਰਹਿਣਾ ਹੈ। ਗੰਦੇ ਸੁਪਨੇ, ਮਨਸਾ ਵਿੱਚ ਸੰਕਲਪ ਬਹੁਤ ਆਉਣਗੇ, ਇਸ ਤੋਂ ਡਰਨਾ ਨਹੀਂ ਹੈ, ਸਤਿਯੁਗ, ਤ੍ਰੇਤਾ ਵਿੱਚ ਇਹ ਗੱਲਾਂ ਹੁੰਦੀਆਂ ਨਹੀਂ। ਤੁਸੀਂ ਜਿਨ੍ਹਾਂ ਅੱਗੇ ਨੇੜ੍ਹੇ ਹੁੰਦੇ ਜਾਵੋਗੇ, ਸਿਲਵਰ ਏਜ਼ ਤੱਕ ਪਹੁੰਚੋਗੇ ਉਦੋਂ ਕਰਮਿੰਦਰੀਆਂ ਦੀ ਚੰਚਲਤਾ ਬੰਦ ਹੋ ਜਾਵੇਗੀ। ਕਰਮਿੰਦਰੀਆਂ ਵੱਸ ਹੋ ਜਾਣਗੀਆਂ। ਸਤਿਯੁਗ - ਤ੍ਰੇਤਾ ਵਿੱਚ ਵੱਸ ਸਨ ਨਾ। ਜਦੋਂ ਉਸ ਤ੍ਰੇਤਾ ਦੀ ਅਵਸਥਾ ਤੱਕ ਆਵੋ ਉਦੋਂ ਵੱਸ ਹੋਣਗੀਆਂ। ਫਿਰ ਸਤਿਯੁਗ ਦੀ ਅਵਸਥਾ ਵਿੱਚ ਆਵੋਂਗੇ ਤਾਂ ਸਤੋਪ੍ਰਧਾਨ ਬਣ ਜਾਵੋਗੇ ਫਿਰ ਸਭ ਕਰਮਿੰਦਰੀਆਂ ਪੂਰੀ ਵੱਸ ਹੋ ਜਾਣਗੀਆਂ। ਕਰਮਿੰਦਰੀਆਂ ਵੱਸ ਸਨ ਨਾ। ਨਵੀਂ ਗੱਲ ਥੋੜ੍ਹੀ ਨਾ ਹੈ। ਅੱਜ ਕਰਮਿੰਦਰੀਆਂ ਦੇ ਵੱਸ ਹਨ, ਕਲ ਫਿਰ ਪੁਰਸ਼ਾਰਥ ਕਰ ਕਰਮਿੰਦਰੀਆਂ ਨੂੰ ਵੱਸ ਕਰ ਲੈਂਦੇ ਹੋ। ਉਹ ਤਾਂ 84 ਜਨਮਾਂ ਵਿੱਚ ਉੱਤਰਦੇ ਆਏ ਹੋ। ਹੁਣ ਰਿਟਰਨ ਜਰਨੀ ਹੈ, ਸਭਨੂੰ ਸਤੋਪ੍ਰਧਾਨ ਅਵਸਥਾ ਵਿੱਚ ਜਾਣਾ ਹੈ। ਆਪਣਾ ਚਾਰਟ ਵੇਖਣਾ ਹੈ - ਅਸੀਂ ਕਿੰਨੇਂ ਪਾਪ, ਕਿੰਨੇਂ ਪੁੰਨ ਕੀਤੇ ਹਨ। ਬਾਪ ਨੂੰ ਯਾਦ ਕਰਦੇ - ਕਰਦੇ ਆਇਰਨ ਏਜ਼ ਤੋਂ ਸਿਲਵਰ ਏਜ਼ ਤੱਕ ਪਹੁੰਚ ਜਾਵੋਗੇ ਤਾਂ ਕਰਮਿੰਦਰੀਆਂ ਵੱਸ ਹੋ ਜਾਣਗੀਆਂ। ਫਿਰ ਤੁਹਾਨੂੰ ਮਹਿਸੂਸ ਹੋਵੇਗਾ - ਹੁਣ ਕੋਈ ਤੂਫ਼ਾਨ ਨਹੀਂ ਆਉਂਦੇ ਹਨ। ਉਹ ਵੀ ਅਵਸਥਾ ਆਵੇਗੀ। ਫਿਰ ਗੋਲਡਨ ਏਜ਼ ਵਿੱਚ ਪਹੁੰਚ ਜਾਵੋਗੇ। ਮਿਹਨਤ ਕਰ ਪਾਵਨ ਬਣਨ ਨਾਲ ਖੁਸ਼ੀ ਦਾ ਪਾਰਾ ਵੀ ਚੜ੍ਹੇਗਾ। ਜੋ ਵੀ ਆਉਂਦੇ ਹਨ ਉਨ੍ਹਾਂਨੂੰ ਸਮਝਾਉਣਾ ਹੈ - ਕਿਵੇਂ ਤੁਸੀਂ 84 ਜਨਮ ਲਏ ਹਨ? ਜਿਸਨੇ 84 ਜਨਮ ਲਏ ਹਨ, ਉਹ ਹੀ ਸਮਝਣਗੇ। ਕਹਿਣਗੇ ਹੁਣ ਬਾਪ ਨੂੰ ਯਾਦ ਕਰਕੇ ਮਾਲਿਕ ਬਣਨਾ ਹੈ। 84 ਜਨਮ ਨਹੀਂ ਸਮਝਦੇ ਹੋ ਤਾਂ ਸ਼ਾਇਦ ਰਾਜਾਈ ਦੇ ਮਾਲਿਕ ਨਹੀਂ ਬਣੇ ਹੋਣਗੇ। ਅਸੀਂ ਤਾਂ ਹਿੰਮਤ ਦਵਾਉਂਦੇ ਹਾਂ, ਚੰਗੀ ਗੱਲ ਸੁਣਾਉਂਦੇ ਹਾਂ। ਤੁਸੀਂ ਹੇਠਾਂ ਡਿੱਗ ਪੈਂਦੇ ਹੋ। ਜਿਸਨੇ 84 ਜਨਮ ਲੀਤੇ ਹੋਣਗੇ ਉਨ੍ਹਾਂਨੂੰ ਝੱਟ ਯਾਦ ਆਵੇਗਾ। ਬਾਪ ਕਹਿੰਦੇ ਹਨ ਤੁਸੀਂ ਸ਼ਾਂਤੀਧਾਮ ਵਿੱਚ ਪਵਿੱਤਰ ਤਾਂ ਸੀ ਨਾ। ਹੁਣ ਫਿਰ ਤੁਹਾਨੂੰ ਸ਼ਾਂਤੀਧਾਮ, ਸੁਖਧਾਮ ਵਿੱਚ ਜਾਣ ਦਾ ਰਸਤਾ ਦੱਸਦੇ ਹਾਂ। ਹੋਰ ਕੋਈ ਰਸਤਾ ਦੱਸ ਨਹੀਂ ਸਕਦਾ। ਸ਼ਾਂਤੀਧਾਮ ਵਿੱਚ ਵੀ ਪਾਵਨ ਆਤਮਾਵਾਂ ਹੀ ਜਾ ਸਕਣਗੀਆਂ। ਜਿੰਨੀ ਖਾਦ ਨਿਕਲਦੀ ਜਾਵੇਗੀ ਉਤਨੀ ਉੱਚ ਪਦਵੀ ਮਿਲੇਗੀ, ਜੋ ਜਿੰਨਾਂ ਪੁਰਸ਼ਾਰਥ ਕਰੇ। ਹਰ ਇੱਕ ਦੇ ਪੁਰਸ਼ਾਰਥ ਨੂੰ ਤੇ ਤੁਸੀਂ ਵੇਖ ਰਹੇ ਹੋ, ਬਾਬਾ ਵੀ ਬਹੁਤ ਅੱਛੀ ਮਦਦ ਕਰਦਾ ਹੈ। ਇਹ ਤਾਂ ਜਿਵੇਂ ਪੁਰਾਣਾ ਬੱਚਾ ਹੈ। ਹਰ ਇੱਕ ਦੀ ਨਬਜ਼ ਨੂੰ ਸਮਝਦੇ ਹੋ ਨਾ। ਸਿਆਣੇ ਜੋ ਹੋਣਗੇ ਉਹ ਝੱਟ ਸਮਝ ਜਾਣਗੇ। ਬੇਹੱਦ ਦਾ ਬਾਪ ਹੈ, ਉਸ ਤੋਂ ਜਰੂਰ ਬੇਹੱਦ ਦਾ ਵਰਸਾ ਮਿਲਣਾ ਚਾਹੀਦਾ ਹੈ। ਮਿਲਿਆ ਸੀ। ਹੁਣ ਨਹੀਂ ਹੈ ਫਿਰ ਮਿਲ ਰਿਹਾ ਹੈ। ਐਮ ਆਬਜੈਕਟ ਸਾਮ੍ਹਣੇ ਖੜ੍ਹਾ ਹੈ। ਬਾਪ ਨੇ ਜਦੋਂ ਸਵਰਗ ਦੀ ਸਥਾਪਨਾ ਕੀਤੀ ਸੀ, ਤੁਸੀਂ ਸਵਰਗ ਦੇ ਮਾਲਿਕ ਸੀ। ਫਿਰ 84 ਜਨਮ ਲੈ ਹੇਠਾਂ ਉੱਤਰਦੇ ਆਏ ਹੋ। ਹੁਣ ਹੈ ਇਹ ਤੁਹਾਡਾ ਅੰਤਿਮ ਜਨਮ। ਹਿਸਟ੍ਰੀ ਰਪੀਟ ਤਾਂ ਜਰੂਰ ਕਰੇਗੀ ਨਾ। ਤੁਸੀਂ ਸਾਰਾ 84 ਦਾ ਹਿਸਾਬ ਦੱਸਦੇ ਹੋ। ਜਿੰਨੇ ਸਮਝਣਗੇ ਉਤਨੇ ਪੱਤੇ ਬਣਦੇ ਜਾਣਗੇ। ਤੁਸੀਂ ਵੀ ਬਹੁਤਿਆਂ ਨੂੰ ਆਪਣੇ ਵਰਗਾ ਬਣਾਉਂਦੇ ਹੋ ਨਾ। ਤੁਸੀਂ ਕਹੋਗੇ ਅਸੀਂ ਆਏ ਹਾਂ- ਸਾਰੇ ਵਿਸ਼ਵ ਨੂੰ ਮਾਇਆ ਦੀਆਂ ਜੰਜੀਰਾਂ ਤੋਂ ਛੁਡਾਉਣ। ਬਾਪ ਕਹਿੰਦੇ ਹਨ ਮੈਂ ਸਭਨੂੰ ਰਾਵਨ ਤੋਂ ਛੁਡਾਉਣ ਆਉਂਦਾ ਹਾਂ। ਤੁਸੀਂ ਬੱਚੇ ਵੀ ਸਮਝਦੇ ਹੋ ਬਾਪ ਗਿਆਨ ਦਾ ਸਾਗਰ ਹੈ। ਤੁਸੀਂ ਵੀ ਗਿਆਨ ਪ੍ਰਾਪਤ ਕਰ ਮਾਸਟਰ ਗਿਆਨ ਸਾਗਰ ਬਣਦੇ ਹੋ ਨਾ। ਗਿਆਨ ਵੱਖ ਹੈ, ਭਗਤੀ ਵੱਖ ਹੈ। ਤੁਸੀਂ ਜਾਣਦੇ ਹੋ ਭਾਰਤ ਦਾ ਪ੍ਰਾਚੀਨ ਰਾਜਯੋਗ ਬਾਪ ਹੀ ਸਿਖਾਉਂਦੇ ਹਨ। ਕੋਈ ਮਨੁੱਖ ਸਿਖਾ ਨਹੀਂ ਸਕਦੇ। ਪਰ ਇਹ ਗੱਲ ਕਿਸੇ ਨੂੰ ਕਿਵੇਂ ਦੱਸੀਏ? ਇੱਥੇ ਤਾਂ ਆਸੁਰਾਂ ਦੇ ਵਿਘਨ ਵੀ ਬਹੁਤ ਪੈਂਦੇ ਹਨ। ਪਹਿਲੋਂ ਤਾਂ ਸਮਝਦੇ ਸਨ ਸ਼ਾਇਦ ਕੋਈ ਕਿਚੜ੍ਹਾ ਪਾਉਂਦੇ ਹਨ। ਹੁਣ ਸਮਝਦੇ ਹੋ ਇਹ ਵਿਘਨ ਕਿਵੇਂ ਪਾਉਂਦੇ ਹਨ। ਨਥਿੰਗ ਨਿਊ। ਕਲਪ ਪਹਿਲੋਂ ਵੀ ਇਹ ਹੋਇਆ ਸੀ। ਤੁਹਾਡੀ ਬੁੱਧੀ ਵਿੱਚ ਇਹ ਸਾਰਾ ਚੱਕਰ ਫਿਰਦਾ ਰਹਿੰਦਾ ਹੈ। ਬਾਬਾ ਸਾਨੂੰ ਸ੍ਰਿਸ਼ਟੀ ਦੇ ਆਦਿ-ਮੱਧ - ਅੰਤ ਦਾ ਰਾਜ਼ ਸਮਝਾ ਰਹੇ ਹਨ, ਬਾਬਾ ਸਾਨੂੰ ਲਾਈਟ ਹਾਊਸ ਦਾ ਵੀ ਟਾਈਟਲ ਦਿੰਦੇ ਹਨ। ਇੱਕ ਅੱਖ ਵਿੱਚ ਮੁਕਤੀਧਾਮ, ਦੂਜੀ ਅੱਖ ਵਿੱਚ ਜੀਵਨ - ਮੁਕਤੀਧਾਮ। ਤੁਹਾਨੂੰ ਸ਼ਾਂਤੀਧਾਮ ਵਿੱਚ ਜਾਕੇ ਫਿਰ ਸੁਖਧਾਮ ਵਿੱਚ ਆਉਣਾ ਹੈ। ਇਹ ਹੈ ਹੀ ਦੁਖਧਾਮ।

ਬਾਪ ਕਹਿੰਦੇ ਹਨ, ਇਨ੍ਹਾਂ ਅੱਖਾਂ ਨਾਲ ਜੋ ਕੁਝ ਤੁਸੀਂ ਵੇਖਦੇ ਹੋ, ਉਸਨੂੰ ਭੁੱਲੋ। ਆਪਣੇ ਸ਼ਾਂਤੀਧਾਮ ਨੂੰ ਯਾਦ ਕਰੋ। ਆਤਮਾ ਨੂੰ ਆਪਣੇ ਬਾਪ ਨੂੰ ਯਾਦ ਕਰਨਾ ਹੈ, ਇਸਨੂੰ ਹੀ ਅਵਿਭਚਾਰੀ ਯੋਗ ਕਿਹਾ ਜਾਂਦਾ ਹੈ। ਗਿਆਨ ਵੀ ਇੱਕ ਤੋਂ ਹੀ ਸੁਣਨਾ ਹੈ। ਉਹ ਹੈ ਅਵਿਭਚਾਰੀ ਗਿਆਨ। ਯਾਦ ਵੀ ਇੱਕ ਨੂੰ ਹੀ ਕਰੋ। ਮੇਰਾ ਤਾਂ ਇੱਕ, ਦੂਜਾ ਨਾ ਕੋਈ। ਜਦੋਂ ਤੱਕ ਆਪਣੇ ਨੂੰ ਆਤਮਾ ਨਿਸ਼ਚੇ ਨਹੀਂ ਕਰੋਗੇ ਉਦੋਂ ਤੱਕ ਇੱਕ ਦੀ ਯਾਦ ਆਵੇਗੀ ਨਹੀਂ। ਆਤਮਾ ਕਹਿੰਦੀ ਹੈ ਮੈਂ ਤਾਂ ਇੱਕ ਬਾਬਾ ਦੀ ਹੀ ਬਣਾਂਗੀ। ਮੈਨੂੰ ਜਾਣਾ ਹੈ ਬਾਬਾ ਦੇ ਕੋਲ। ਇਹ ਸ਼ਰੀਰ ਤੇ ਪੁਰਾਣਾ ਜੜ੍ਹਜੜ੍ਹੀ ਭੂਤ ਹੈ, ਇਸ ਵਿੱਚ ਵੀ ਮਮਤਵ ਨਹੀਂ ਰੱਖਣਾ ਹੈ। ਇਹ ਗਿਆਨ ਦੀ ਗੱਲ ਹੈ। ਇਵੇਂ ਨਹੀਂ ਕਿ ਸ਼ਰੀਰ ਦੀ ਸੰਭਾਲ ਨਹੀਂ ਕਰਨੀ ਹੈ। ਅੰਦਰ ਵਿੱਚ ਸਮਝਣਾ ਹੈ - ਇਹ ਪੁਰਾਣੀ ਖੱਲ ਹੈ, ਇਸਨੂੰ ਤੇ ਹੁਣ ਛੱਡਣਾ ਹੈ। ਤੁਹਾਡਾ ਹੈ ਬੇਹੱਦ ਦਾ ਸੰਨਿਆਸ। ਉਹ ਤੇ ਜੰਗਲ ਵਿੱਚ ਚਲੇ ਜਾਂਦੇ ਹਨ। ਤੁਹਾਨੂੰ ਘਰ ਵਿੱਚ ਰਹਿੰਦੇ ਯਾਦ ਵਿੱਚ ਰਹਿਣਾ ਹੈ। ਯਾਦ ਵਿੱਚ ਰਹਿੰਦੇ - ਰਹਿੰਦੇ ਤੁਸੀਂ ਵੀ ਸ਼ਰੀਰ ਛੱਡ ਸਕਦੇ ਹੋ। ਕਿੱਥੇ ਵੀ ਹੋ ਤੁਸੀਂ ਬਾਪ ਨੂੰ ਯਾਦ ਕਰੋ। ਯਾਦ ਵਿੱਚ ਰਹੋਗੇ, ਸਵਦਰਸ਼ਨ ਚਕ੍ਰਧਾਰੀ ਬਣੋਗੇ ਤਾਂ ਕਿੱਥੇ ਵੀ ਰਹਿੰਦੇ ਤੁਸੀਂ ਉੱਚੀ ਪਦਵੀ ਪਾ ਲਵੋਗੇ। ਜਿਨ੍ਹਾਂ ਇੰਡਿਵੀਯੂਅਲ ਮਿਹਨਤ ਕਰੋਗੇ ਉਤਨੀ ਪਦਵੀ ਪਾਵੋਗੇ। ਘਰ ਵਿੱਚ ਰਹਿੰਦੇ ਵੀ ਯਾਦ ਦੀ ਯਾਤ੍ਰਾ ਵਿੱਚ ਰਹਿਣਾ ਹੈ। ਹਾਲੇ ਫਾਈਨਲ ਰਿਜ਼ਲਟ ਵਿੱਚ ਥੋੜ੍ਹਾ ਟਾਈਮ ਪਿਆ ਹੈ। ਫਿਰ ਨਵੀਂ ਦੁਨੀਆਂ ਵੀ ਤਿਆਰ ਚਾਹੀਦੀ ਹੈ ਨਾ। ਹੁਣ ਕਰਮਾਤੀਤ ਅਵਸਥਾ ਹੋ ਜਾਵੇ ਤਾਂ ਸੁਖਸ਼ਮਵਤਨ ਵਿੱਚ ਰਹਿਣਾ ਪਵੇ। ਸੁਖਸ਼ਮਵਤਨ ਵਿੱਚ ਰਹਿ ਕੇ ਵੀ ਫਿਰ ਜਨਮ ਲੈਣਾ ਪੈਂਦਾ ਹੈ। ਅੱਗੇ ਚੱਲਕੇ ਤੁਹਾਨੂੰ ਸਭ ਸ਼ਾਖਸ਼ਤਕਾਰ ਹੋਵੇਗਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇੱਕ ਬਾਪ ਤੋਂ ਹੀ ਸੁਣਨਾ ਹੈ। ਇੱਕ ਦੀ ਹੀ ਅਵਿਭਚਾਰੀ ਯਾਦ ਵਿੱਚ ਰਹਿਣਾ ਹਰ। ਇਸ ਸ਼ਰੀਰ ਦੀ ਸੰਭਾਲ ਰੱਖਣੀ ਹੈ, ਪਰ ਮਮਤਵ ਨਹੀਂ ਰੱਖਣਾ ਹੈ।

2. ਬਾਪ ਨੇ ਜੋ ਪ੍ਰਹੇਜ਼ ਦੱਸੀ ਹੈ ਉਸਨੂੰ ਪੂਰਾ ਪਾਲਣ ਕਰਨਾ ਹੈ। ਕੋਈ ਵੀ ਅਜਿਹਾ ਕਰਮ ਨਹੀਂ ਕਰਨਾ ਹੈ ਜੋ ਬਾਪ ਦੀ ਗਲਾਨੀ ਹੋਵੇ, ਪਾਪ ਦਾ ਖਾਤਾ ਬਣੇਂ। ਖ਼ੁਦ ਨੂੰ ਘਾਟਾ ਨਹੀਂ ਪਾਉਣਾ ਹੈ।

ਵਰਦਾਨ:- ਤਿੰਨ ਸੇਵਾਵਾਂ ਦੇ ਬੈਲੈਂਸ ਦ੍ਵਾਰਾ ਸਰਵ ਗੁਣਾਂ ਦੀ ਅਨੁਭੂਤੀ ਕਰਨ ਵਾਲੇ ਗੁਣ ਮੂਰਤ ਭਵ।

ਜੋ ਬੱਚੇ ਸੰਕਲਪ, ਬੋਲ ਅਤੇ ਹਰ ਕਰਮ ਦ੍ਵਾਰਾ ਸੇਵਾ ਤੇ ਤੱਤਪਰ ਰਹਿੰਦੇ ਹਨ ਉਹ ਹੀ ਸਫਲਤਾ ਮੂਰਤ ਬਣਦੇ ਹਨ। ਤਿਨ੍ਹਾਂ ਵਿਚ ਮਾਰਕਸ ਸਮਾਨ ਹੋਣ, ਸਾਰੇ ਦਿਨ ਵਿਚ ਤਿੰਨੋਂ ਸੇਵਾਵਾਂ ਦਾ ਬੈਲੈਂਸ ਸਮਾਨ ਹੈ ਤਾਂ ਪਾਸ ਵਿਧ ਆਨਰ ਅਤੇ ਗੁਣ ਮੂਰਤ ਬਣ ਜਾਂਦੇ ਹਨ। ਉਨ੍ਹਾਂ ਦ੍ਵਾਰਾ ਸਰਵ ਦਿਵਿਆ ਗੁਣਾਂ ਦਾ ਸ਼ਿੰਗਾਰ ਸਪੱਸ਼ਟ ਵਿਖਾਈ ਦਿੰਦਾ ਹੈ। ਇੱਕ ਦੂਜੇ ਨੂੰ ਬਾਪ ਦੇ ਗੁਣਾਂ ਦਾ ਅਤੇ ਖੁਦ ਦੀ ਧਾਰਨਾ ਦੇ ਗੁਣਾਂ ਦਾ ਸਹਿਯੋਗ ਦੇਣਾ ਹੀ ਗੁਣ ਮੂਰਤ ਬਣਨਾ ਹੈ ਕਿਉਂਕਿ ਗੁਣ ਦਾਨ ਸਭ ਤੋਂ ਵੱਡਾ ਦਾਨ ਹੈ।

ਸਲੋਗਨ:- ਨਿਸ਼ਚੇ ਰੂਪੀ ਫਾਉਂਡੇਸ਼ਨ ਪੱਕਾ ਹੈ ਤਾਂ ਸ੍ਰੇਸ਼ਠ ਜੀਵਨ ਦਾ ਅਨੁਭਵ ਖੁਦ ਹੁੰਦਾ ਹੈ।

******

ਅਵਿਅਕਤ ਇਸ਼ਾਰੇ:- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।

ਪਿਛਲੇ ਕਰਮਾ ਦੇ ਹਿਸਾਬ - ਕਿਤਾਬ ਦੇ ਫਲਸਰੂਪ ਤਨ ਦਾ ਰੋਗ ਹੋਵੇ, ਮਨ ਦੇ ਸੰਸਕਾਰ ਦੂਜਿਆਂ ਆਤਮਾਵਾਂ ਦੇ ਸੰਸਕਾਰਾਂ ਨਾਲ ਟੱਕਰ ਵੀ ਖਾਂਦੇ ਹੋਣ ਲੇਕਿਨ ਕਰਮਾਤੀਤ, ਕਰਮਭੋਗ ਦੇ ਵਸ਼ ਨਾ ਹੋਕੇ ਮਾਲਿਕ ਬਣ ਹਿਸਾਬ ਚੁਕਤੂ ਕਰਾਵੇ। ਕਰਮਯੋਗੀ ਬਣ ਕਰਮ ਭੋਗ ਚੁਕਤੂ ਕਰਨਾ - ਇਹ ਹੈ ਕਰਮਾਤੀਤ ਸਥਿਤੀ ਦੀ ਨਿਸ਼ਾਨੀ। ਪ੍ਰੈਕਟਿਸ ਕਰੋ ਹੁਣੇ - ਹੁਣੇ ਕਰਮਯੋਗੀ, ਹੁਣੇ - ਹੁਣੇ ਕਰਮਾਤੀਤ ਸਟੇਜ।